# ਮਹਾਮਾਹਿਮ ਸੁਲਤਾਨ ਹੈਥਮ ਬਿਨ ਤਾਰਿਕ, ਓਮਾਨ ਦੀ ਸਲਤਨਤ ਦੇ ਰਾਜ ਦੇ ਮੁਖੀ ਦੀ ਭਾਰਤ ਦੀ ਰਾਜ ਯਾਤਰਾ (ਦਸੰਬਰ 16, 2023)

ਦਸੰਬਰ 10, 2023

ਰਾਸ਼ਟਰਪਤੀ ਸ਼੍ਰੀਮਤੀ ਦਰੌਪਦੀ ਮੁਰਮੂ ਦੇ ਨਿਮੰਤਰਣ ਤੇ ਓਮਾਨ ਦੀ ਸਲਤਨਤ ਦੇ ਰਾਜ ਦੇ ਮੁਖੀ, ਮਹਾਮਾਹਿਮ ਸੁਲਤਾਨ ਹੈਥਮ ਬਿਨ ਤਾਰਿਕ 16 ਦਸੰਬਰ 2023 ਨੂੰ ਇੱਕ ਰਾਜਕੀ ਦੌਰੇ ਤੇ ਭਾਰਤ ਆਉਣਗੇ। ਉਹਨਾ ਨਾਲ ਇੱਕ ਉੱਚ ਪੱਧਰੀ ਵਫ਼ਦ ਹੋਵੇਗਾ, ਜਿਸ ਵਿਚ ਵਰਿਸ਼ਟ ਮੰਤਰੀ ਅਤੇ ਅਧਿਕਾਰੀ ਹੋਣਗੇ। ਮਹਾਮਾਹਿਮ ਸੁਲਤਾਨ ਹੈਥਮ ਬਿਨ ਤਾਰਿਕ ਦੀ ਭਾਰਤ ਨੂੰ ਪਹਿਲੀ ਰਾਜਕੀ ਯਾਤਰਾ ਭਾਰਤ ਅਤੇ ਓਮਾਨ ਸਲਤਨਤ ਦੇ ਕੂਟਨੀਤਕ ਰਿਸ਼ਤਿਆਂ ਵਿੱਚ ਇੱਕ ਮਹੱਤਵਪੂਰਨ ਮਿਲ ਦਾ ਪੱਥਰ ਚਿਨਹਿਤ ਕਰਦਾ ਹੈ।

2. 16 ਦਸੰਬਰ 2023 ਨੂੰ ਮਹਾਮਾਹਿਮ ਸੁਲਤਾਨ ਹੈਥਮ ਬਿਨ ਤਾਰਿਕ ਦਾ ਰਾਸ਼ਟਰਭਾਤੀ ਭਵਨ ਤੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੁਆਰਾ ਇੱਕ ਰਸਮੀ ਸੁਆਗਤ ਕੀਤਾ ਜਾਵੇਗਾ। ਉਹ ਪ੍ਰਧਾਨ ਮੰਤਰੀ ਨਾਲ ਦੁਵੱਲੀ ਚਰਚਾ ਕਰਨਗੇ ਜੋ ਉਹਨਾਂ ਦੇ ਸਨਮਾਨ ਵਿੱਚ ਇੱਕ ਦੋਪਹਰ ਦੇ ਭੋਜ ਦੀ ਮੇਜ਼ਬਾਨੀ ਕਰਨਗੇ।

3. ਭਾਰਤ ਅਤੇ ਓਮਾਨ ਦੋਸਤੀ ਅਤੇ ਸਹਿਯੋਗ ਦਾ ਇੱਕ ਲੰਬਾ ਇਤਿਹਾਸ ਸਾਂਝਾ ਕਰਦੇ ਹਨ, ਜੋ ਆਪਸੀ ਭਰੋਸੇ ਅਤੇ ਸਤਿਕਾਰ, ਅਤੇ ਲੋਕਾਂ ਦੀ ਲੋਕਾਂ ਨਾਲ ਸਦੀਆਂ ਪੁਰਾਣੇ ਮਜਬੂਤ ਸਬੰਧ ਦੀ ਨੀਵ ਤੇ ਬਣਿਆ ਹੈ। ਭਾਰਤ ਅਤੇ ਓਮਾਨ ਸਲਤਨਤ ਰਣਨੀਤਕ ਭਾਈਵਾਲ ਹਨ ਅਤੇ ਦੋਵੇਂ ਦੇਸ਼ਾਂ ਵਿਚਕਾਰ ਦੁਵੱਲੀ ਵਪਾਰ ਅਤੇ ਨਿਵੇਸ਼ੀ ਸਬੰਧ ਸਾਲਾਂ ਦੌਰਾਨ ਵਧਿਆ ਹੈ।

4. ਇਹ ਦੌਰਾ ਖੇਤਰੀ ਸਥਿਰਤਾ, ਤਰੱਕੀ ਅਤੇ ਖੁਸ਼ਹਾਲੀ ਵਾਸਤੇ ਭਾਰਤ ਅਤੇ ਓਮਾਨ ਵਿਚਕਾਰ ਭਵਿੱਖ ਦੇ ਸਹਿਯੋਗ ਵਾਸਤੇ ਰਾਸਤੇ ਲੱਭਣ ਦਾ ਇੱਕ ਮੌਕਾ ਹੋਵੇਗਾ।

**ਨਵੀ ਦਿੱਲੀ**
**ਦਸੰਬਰ 10, 2023**